# ਯਾਦਾਂ ਪੰਜਾਬ ਦੀਆਂ

ਇੱਹ ਯਾਦਾਂ ਮੇਰੇ ਸੋਹਣੇ ਪੰਜਾਬ ਦੀਆ ।

ਕਿੱਕਲੀ ਕਲੀਰ ਦੀ,
ਪੱਗ ਮੇਰੇ ਵੀਰ ਦੀ,
ਦੁਪੱਟਾ ਮੇਰੇ ਭਾਈ ਦਾ,
ਫਿਟੇ ਮੂੰਹ ਜਵਾਈ ਦਾ ।

ਇੱਹ ਅਵਾਜਾ ਉਥੋ ਦੇ ਰੀਤੀ ਰਵਾਜ ਦੀਆ ।
ਇੱਹ ਯਾਦਾਂ ਮੇਰੇ ਸੋਹਣੇ ਪੰਜਾਬ ਦੀਆ ।

ਇੱਕੜ ਦੁੱਕੜ ਭੱਬਾ ਭੋ,
ਅੱਸੀ ਨੱਬੇ ਪੂਰਾ ਸੌ,
ਸੌ ਗਲੋਟਾ ਤਿੱਤਰ ਮੋਟਾ,
ਚੱਲ ਮੰਦਾਰੀ ਪੈਸਾ ਖੋਟਾ ।

ਇੱਹ ਖੇਡਾ ਉਥੋ ਦੇ ਬੱਚਿਆ ਦੇ ਖਾਬ ਦੀਆ ।
ਇੱਹ ਯਾਦਾਂ ਮੇਰੇ ਸੋਹਣੇ ਪੰਜਾਬ ਦੀਆ ।

ਝੂਠ ਬੋਲੇ ਕਊਆ ਕਾਟੇ,
ਕਾਲੇ ਕਊਏ ਸੇ ਡਰੀਓ,
ਮੈ ਮਾਇਕੇ ਚਲੀ ਜਾਊਗੀ,
ਤੁੰਮ ਦੇਖਤੇ ਰਹੀਓ ।

ਇੱਹ ਧੱਮਕੀਆ ਉਥੋ ਦੇ ਸੋਹਣੇ ਜਨਾਬ ਦੀਆ ।
ਇੱਹ ਯਾਦਾਂ ਮੇਰੇ ਸੋਹਣੇ ਪੰਜਾਬ ਦੀਆ ।

**Updated: June 24, 2007**

ਗੰਦਲਾ ਤੋੜਦੀ, ਗੰਦਲਾ ਤੋੜਦੀ,
ਨੰਰਮ ਜਿਹੀ ਮਟਿਆਰ।
ਇਕ ਮੱਕੀ ਦੀ ਰੋਟੀ ਚੱਕ,
ਤੇ ਦੂਜੀ ਮੱਕੀ ਦੀ ਰੋਟੀ ਤਿਆਰ ।

ਇਹ ਲੱਫਟਾ ਉਥੋ ਦੇ ਤੌੜੀ ਵਾਲੇ ਸਾਗ ਦੀਆ ।
ਇੱਹ ਯਾਦਾਂ ਮੇਰੇ ਸੋਹਣੇ ਪੰਜਾਬ ਦੀਆ ।

ਪਹਿਲੀ ਆਰਤੀ ਕਰੋ ਕਸਾਰ,
ਜੀਵੇ ਮੇਰਾ ਵੀਰ ਪਿਆਰ,
ਵੀਰ ਪਿਆਰ ਦੀਆ ਦੋ ਲੱੜੀਆ,
ਦੋ ਸਿਗਦਿਵਾਲੇ ਜਾ ਚੱੜੀਆ,
ਤੂੰ ਖੋਲ ਮਾਤਾ ਹੱਟੜੀ,
ਮੈ ਪੂਜਾ ਤੇਰੀ ਪੱਟੜੀ,
ਮੈ ਪੂਜਾ ਤੇਰੇ ਪੈਰ,
ਨਰਾਇਣ ਕਾਲੀ ਆਇਆ,
ਛੜੱਪੇ ਲਾਉਦੀ ਮਾਇਆ,
ਮੈ ਹਰ ਕਾ ਦਰਸਣ ਪਾਇਆ,
ਹਰ ਗੋਬਿੰਦ ਸਾਡੇ ਆਇਆ ।

ਇੱਹ ਅਸ਼ਾਵਾ ਉਥੋ ਦੇ ਹਰੇਕ ਖਾਬ ਦੀਆ ।
ਇੱਹ ਯਾਦਾਂ ਮੇਰੇ ਸੋਹਣੇ ਪੰਜਾਬ ਦੀਆ ।

ਰਾਤੀ ਮੈਨੂੰ ਸੁਪਣਾ ਆਇਆ,
ਸੁਪਣੇ ਵਿਚ ਮੈ ਕਾਰ ਚਲਾਵਾ ।
ਜੱਦ ਮੇਰੀ ਅੱਖ ਖੁਲੀ,
ਮੈ ਮੰਜੇ ਤੇ ਢਿੱਡ ਘਸਾਵਾ।

ਇੱਹ ਜਵਾਨੀ ਚ' ਕਾਰਾ ਉਥੋ ਦੇ ਹਰ ਜਨਾਬ ਦੀਆ ।
ਇੱਹ ਯਾਦਾਂ ਮੇਰੇ ਸੋਹਣੇ ਪੰਜਾਬ ਦੀਆ ।

ਚਿੱਟੇ ਬੰਗਲੇ, ਨੀਲੇ ਮੋਰ,
ਵੋਟਾ ਵਾਲੇ, ਸਾਰੇ ਚੋਰ ।
ਦੁੱਕੀ ਤਿੱਕੀ ਚੱਕ ਦਿਆਗੇ,
ਧੌਣ ਤੇ ਗੋਡਾ ਰੱਖ ਦਿਆਗੇ ।

ਇੱਹ ਅਵਾਜਾ ਉਥੋ ਦੇ ਇੰਨਕਲਾਬ ਦੀਆ ।
ਇੱਹ ਯਾਦਾਂ ਮੇਰੇ ਸੋਹਣੇ ਪੰਜਾਬ ਦੀਆ ।

ਲੋਹੜੀ ਬਈ ਲੋਹੜੀ,
ਕਾਕਾ ਚੱੜਿਆ ਘੋੜੀ,
ਘੋੜੀ ਚੱੜ ਕੇ ਤੀਰ ਚਲਾਇਆ,
ਤੀਰ ਲੱਗਿਆ ਤਿੱਤਰ ਦੇ,
ਤਿੱਤਰ ਕਹਿੰਦਾ ਚਊ-ਮਊ, ਚਊ-ਮਊ ।

ਇੱਹ ਅਵਾਜਾ ਉਥੋ ਦੇ ਨਵ ਜੰਮੇ ਜੰਨਾਬ ਦੀਆ ।
ਇੱਹ ਯਾਦਾਂ ਮੇਰੇ ਸੋਹਣੇ ਪੰਜਾਬ ਦੀਆ ।

ਦੱਸ ਮੈ ਕੀ ਪਿਆਰ ਵਿਚੋ ਖੱਟਿਆ,
ਤੇਰੇ ਨੀ ਭਰਾਵਾ ਮੈਨੂੰ ਕੁਟਿਆ ।
ਦੱਸ ਮੈ ਕੀ ਪਿਆਰ ਵਿਚੋ ਖੱਟਿਆ,
ਮੈਨੂੰ ਛੱਜ ਵਿੱਚ ਪਾਕੇ ਛੱਟਿਆ ।

ਇੱਹ ਤੁੱਕਾਂ ਉਥੋ ਦੇ ਤੂੰਬੀ ਵਾਲੇ ਜਨਾਬ ਦੀਆ ।
ਇੱਹ ਯਾਦਾਂ ਮੇਰੇ ਸੋਹਣੇ ਪੰਜਾਬ ਦੀਆ ।

ਪਹਿਲਾ ਜਨ ਗਨ ਮਨ ਨਹੀ ਆਇਆ,
ਮਾਸਟਰ ਨੇ ਸੁਭਾ- ਸੁਭਾ ਮੁੱਰਗਾ ਬਣਾਇਆ ।
ਫਿਰ ਹਿੰਦੀ ਵਾਲੀ ਭੈਣਜੀ ਨੇ ਖੱੜਕਾਇਆ,
ਕਿਉਕਿ **Sarjinder** ਨੂੰ "ਕਾ-ਖਾ-ਗਾ" ਨਹੀ ਆਇਆ ।

ਇੱਹ ਮਾਰਾ ਉਥੋ ਸਿੱਖੇ ਹਿਸਾਬ-ਕਿਤਾਬ ਦੀਆ ।
ਇੱਹ ਯਾਦਾਂ ਮੇਰੇ ਸੋਹਣੇ ਪੰਜਾਬ ਦੀਆ ।

**Archived at:** www.geocities.com/new_punjabi_songs
**Written by:** Dr. Sarjinder Singh, Assistant Professor, St. Cloud State University, St. Cloud, MN, USA
**Note: All opinions are of author's own.**

**Updated: June 24, 2007**